**ਸ਼੍ਰੇਣੀ-ਗਿਆਰ੍ਹਵੀਂ**
**ਪੰਜਾਬੀ ਚੋਣਵਾਂ ਵਿਸ਼ਾ**
**ਛਿਮਾਹੀ ਪ੍ਰਣਾਲੀ ਅਨੁਸਾਰ ਪਾਠ-ਕ੍ਰਮ**
**ਸਮੈਸਟਰ-I**

ਭਾਗ ਪਾਠ-ਕ੍ਰਮ :

1) ਪੰਜਾਬੀ ਕਵਿਤਾ
2) ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ
3) ਪੰਜਾਬੀ ਸਫ਼ਰਨਾਮਿਆਂ ਦੇ ਅੰਸ਼
4) ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ
5) ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਸ਼ਬਦਾਵਲੀ

ਪੰਜਾਬੀ - ਕਾਵਿ ( ਝਲਕਾਂ ਤੇ ਇਤਿਹਾਸ ) ਭਾਗ - 1

1) ਸੂਫ਼ੀ-ਕਾਵਿ : ਸ਼ੇਖ਼ ਫ਼ਰੀਦ , ਵਜੀਦ , ਸ਼ਾਹ ਹੁਸੈਨ
2) ਗੁਰਮਤਿ-ਕਾਵਿ : ਗੁਰੂ ਨਾਨਕ ਦੇਵ ਜੀ , ਗੁਰੂ ਅੰਗਦ ਦੇਵ ਜੀ , ਗੁਰੂ ਅਮਰ ਦਾਸ ਜੀ

ਅੱਖੀਂ ਡਿੱਠੀ ਦੁਨੀਆਂ

1) ਗਿਆਨੀ ਹੀਰਾ ਸਿੰਘ ਦਰਦ ( ਮਥਰਾ ਅਤੇ ਰੰਗੀਲੀ ਬ੍ਰਿਜ ਭੂਮੀ)
2) ਲਾਲ ਸਿੰਘ ਕਮਲਾ ਅਕਾਲੀ (ਲੰਦਨ ਅਤੇ ਲੰਦਨ ਦੇ ਲੋਕ)
3) ਸੋਹਣ ਸਿੰਘ ਜੋਸ਼ (ਰੂਸ ਦੀ ਸਰਦੀ )
4) ਡਾ.ਹਰਦਿੱਤ ਸਿੰਘ ਢਿੱਲੋਂ (ਅਮਰੀਕਨ ਸੱਭਿਅਤਾ )
5) ਪ੍ਰਿੰਸੀਪਲ ਸਰਮੁਖ ਸਿੰਘ ਅਮੋਲ (ਜੰਗਲ਼ਾਂ ਦੇ ਵਸਨੀਕ )
6) ਬਲਰਾਜ ਸਿੰਘ ਸਾਹਨੀ ( ਰੱਜੀ ਪੁੱਜੀ ਮਿੱਟੀ )

ਸਾਹਿਤ - ਬੋਧ (ਭਾਗ-1)

1) ਪੰਜਾਬੀ ਭਾਸ਼ਾ ( ਪੰਜਾਬੀ ਭਾਸ਼ਾ ਦਾ ਮਹੱਤਵ , ਪੰਜਾਬੀ ਦਾ ਖੇਤਰ, ਪੰਜਾਬੀ ਭਾਸ਼ਾ ਦਾ ਇਤਿਹਾਸ , ਪੰਜਾਬੀ ਭਾਸ਼ਾ ਤੇ ਗੁਆਂਢੀ ਬੋਲੀਆਂ, ਪੰਜਾਬੀ ਭਾਸ਼ਾ ਦੀ ਬਣਤਰ, ਪੰਜਾਬੀ ਭਾਸ਼ਾ ਦੇ ਪਛਾਣ-ਚਿੰਨ੍ਹ(ਵਿਸ਼ੇਸ਼ਤਾਵਾਂ), ਪੰਜਾਬੀ ਦੀਆਂ ਉਪ ਬੋਲੀਆਂ, ਪੰਜਾਬੀ ਭਾਸ਼ਾ ਉੱਤੇ ਹੋਰਨਾਂ ਬੋਲੀਆਂ ਦਾ ਪ੍ਰਭਾਵ, ਪੰਜਾਬੀ ਭਾਸ਼ਾ ਤੇ ਪੰਜਾਬੀ ਸੱਭਿਆਚਾਰ
2) ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ:ਪੋਠੋਹਾਰੀ ਅਤੇ ਮਾਝੀ ਉਪਭਾਸ਼ਾਵਾਂ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ

## <u>ਸਮੈਸਟਰ–II</u>

ਪਾਠ–ਕ੍ਰਮ :

1) ਪੰਜਾਬੀ ਕਵਿਤਾ
2) ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ
3) ਪੰਜਾਬੀ ਸਫ਼ਰਨਾਮਿਆਂ ਦੇ ਅੰਸ਼
4) ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ
5) ਪੰਜਾਬੀ ਦੀਆਂ ਉਪ–ਭਾਸ਼ਾਵਾਂ ਦੀ ਸ਼ਬਦਾਵਲੀ

<u>ਪੰਜਾਬੀ – ਕਾਵਿ ( ਝਲਕਾਂ ਤੇ ਇਤਿਹਾਸ )</u> ਭਾਗ – 1

1) ਸੂਫ਼ੀ–ਕਾਵਿ : ਸੁਲਤਾਨ ਬਾਹੂ , ਬੁਲ੍ਹੇ ਸ਼ਾਹ , ਅਲੀ ਹੈਦਰ , ਹਾਸ਼ਮ ਸ਼ਾਹ
2) ਗੁਰਮਤਿ–ਕਾਵਿ : ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ ਜੀ, ਗੁਰੂ ਗੋਬਿੰਦ ਸਿੰਘ ਜੀ

<u>ਅੱਖੀਂ ਡਿੱਠੀ ਦੁਨੀਆਂ</u>

1) ਬਲਵੰਤ ਗਾਰਗੀ (ਕਲਾਕਾਰਾਂ ਦੀ ਬਸਤੀ)
2) ਡਾ.ਰਾਮ ਸਿੰਘ(ਪਹਿਲਗਾਮ ਤੋਂ ਟੂਲੀਅਨ ਝੀਲ ਤੱਕ)
3) ਡਾ.ਸਾਧੂ ਸਿੰਘ ਹਮਦਰਦ (ਗਰੜ ਭਗਵਾਨ ਦੇ ਖੰਭਾਂ ’ਤੇ)
4) ਡਾ. ਹਰਿਭਜਨ ਸਿੰਘ ( ਸਾਇਬੇਰੀਆਂ ਇਰਕੁਤਸਕ)
5) ਸੰਤੋਖ ਸਿੰਘ ਧੀਰ (ਇੰਗਲੈਂਡ ਅਤੇ ਭਾਰਤ)
6) ਡਾ. ਜਸਵੰਤ ਸਿੰਘ ਨੇਕੀ (ਯੂਰਪ ਦੀ ਫੇਰੀ)
7) ਹਰਿਭਜਨ ਸਿੰਘ ਹਲਵਾਰਵੀ ( ਲੂ ਸ਼ੁਨ ਦਾ ਸ਼ਹਿਰ ਅਤੇ ਚੀਨ ਦੀ ਦੀਵਾਰ )
8) ਬਰਜਿੰਦਰ ਸਿੰਘ ਹਮਦਰਦ (ਅੰਡੇਮਾਨ ਨਿਕੋਬਾਰ ਦੀ ਧਰਤੀ ’ਤੇ )

ਸਾਹਿਤ – ਬੋਧ (ਭਾਗ–1)

1) ਗੁਰਮੁਖੀ ਲਿਪੀ (ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ )
2) ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ: ਦੁਆਬੀ , ਮਲਵਈ ਤੇ ਪੁਆਧੀ ਉਪਭਾਸ਼ਾਵਾਂ ਦਾ ਟਕਸਾਲੀ ਪੰਜਾਬੀ ਵਿੱਚ ਰੁਪਾਂਤਰ

ਨਿਰਧਾਰਿਤ ਪਾਠ– ਪੁਸਤਕਾਂ :

1) ਪੰਜਾਬੀ–ਕਾਵਿ ਝਲਕਾਂ ਤੇ ਇਤਿਹਾਸ (ਭਾਗ–I)
2) ਅੱਖੀਂ–ਡਿੱਠੀ ਦੁਨੀਆਂ
3) ਸਾਹਿਤ – ਬੋਧ (ਭਾਗ–1)

**ਸ਼੍ਰੇਣੀ- ਗਿਆਰ੍ਹਵੀਂ**
**ਪੰਜਾਬੀ (ਚੋਣਵਾਂ ਵਿਸ਼ਾ)**
**ਸਮੈਸਟਰ-I**

**ਲਿਖਤੀ ਪੇਪਰ : 70**
**ਆਂਤਰਿਕ ਮੁਲਾਂਕਣ : 10**
**ਕੁੱਲ ਅੰਕ : 80**

**ਵਿਸ਼ੇਸ਼ ਹਿਦਾਇਤਾਂ (ਅਧਿਆਪਕਾਂ, ਵਿਦਿਆਰਥੀਆਂ, ਪਰੀਖਿਅਕਾਂ ਅਤੇ ਪੇਪਰ ਸੈੱਟਰਾਂ ਲਈ)**

**ਪ੍ਰਸ਼ਨ ਨੰ:1** ਇਹ ਪ੍ਰਸ਼ਨ ਵਸਤੂਨਿਸ਼ਠ ਹੋਵੇਗਾ ਅਤੇ ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਦੇ ਉੱਤਰਾਂ ਵਾਲ਼ੇ ਪ੍ਰਸ਼ਨ, ਬਹੁਚੋਣੀ ਪ੍ਰਸ਼ਨ ਜਾਂ ਖ਼ਾਲੀ ਥਾਂਵਾਂ ਭਰਨ ਸੰਬੰਧੀ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ। ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ -

**ਪੰਜਾਬੀ ਕਾਵਿ-ਝਲਕਾਂ ਤੇ ਇਤਿਹਾਸ ਭਾਗ-1**

ਦੋ ਅੰਕਾਂ ਦੇ ਪ੍ਰਸ਼ਨ ਸੂਫ਼ੀ-ਕਾਵਿ ਵਿੱਚੋਂ ਅਤੇ ਦੋ ਅੰਕਾਂ ਦੇ ਪ੍ਰਸ਼ਨ ਗੁਰਮਤਿ-ਕਾਵਿ ਵਿੱਚੋਂ ਪੁੱਛੇ ਜਾਣਗੇ । ਇਹ ਪ੍ਰਸ਼ਨ ਕਵੀ ਦਾ ਨਾਮ ਪੁੱਛਣਾ ,ਕਵਿਤਾ ਦਾ ਨਾਮ ਪੁੱਛਣਾ ,ਪਾਠ -ਪੁਸਤਕ ਵਿੱਚ ਨਿਰਧਾਰਿਤ ਗੁਰਮਤਿ ਤੇ ਸੂਫ਼ੀ-ਕਾਵਿ ਦੀ ਪਾਠ-ਸਮਗਰੀ ਉੱਤੇ ਆਧਾਰਿਤ ਹੋਣਗੇ। 4ਅੰਕ

**ਅੱਖੀਂ -ਡਿੱਠੀ ਦੁਨੀਆਂ:** ਇਸ ਅਧੀਨ ਸਫ਼ਰਨਾਮਾ ਅੰਸ਼ ਦਾ ਨਾਮ ,ਸਫ਼ਰਨਾਮਾਕਾਰ ਦਾ ਨਾਮ ਅਤੇ ਸੰਬੰਧਿਤ ਸਫ਼ਰਨਾਮਾ ਅੰਸ਼ਾਂ ਦੀ ਪਾਠ-ਸਮਗਰੀ ਨਾਲ਼ ਸੰਬੰਧਿਤ ਪ੍ਰਸ਼ਨ ਪੁੱਛੇ ਜਾਣਗੇ। 3ਅੰਕ

**ਸਾਹਿਤ -ਬੋਧ:** ਇਸ ਭਾਗ ਵਿੱਚ ਪੁੱਛੇ ਜਾਣ ਵਾਲ਼ੇ ਪ੍ਰਸ਼ਨ ਭਾਸ਼ਾ,ਲਿੱਪੀ ਦੇ ਮਹੱਤਵ ,ਵਿਕਾਸ ਅਤੇ ਭਾਸ਼ਾ ਦੀ ਬਣਤਰ ਨਾਲ਼ ਸੰਬੰਧਿਤ ਹੋਣਗੇ 3 ਅੰਕ

4 + 3 + 3 = 10

**ਪ੍ਰਸ਼ਨ ਨੰ:2** ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-1 ਪਾਠ -ਪੁਸਤਕ ਦੇ ਸੂਫ਼ੀ-ਕਾਵਿ ਭਾਗ ਵਿੱਚੋਂ ਦੋ ਬੰਦ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ.

2 + 3 = 5 ਅੰਕ

**ਪ੍ਰਸ਼ਨ ਨੰ:3** ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-1 ਪਾਠ -ਪੁਸਤਕ ਦੇ ਗੁਰਮਤਿ-ਕਾਵਿ ਭਾਗ ਵਿੱਚੋਂ ਦੋ ਬੰਦ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।

2 + 3 = 5 ਅੰਕ

(ਪ੍ਰਸੰਗ ਵਿੱਚ ਕਵੀ ਦਾ ਨਾਂ ਅਤੇ ਪਾਠ -ਪੁਸਤਕ ਵਿੱਚ ਦਿੱਤੀ ਰਚਨਾ ਦਾ ਸਿਰਲੇਖ ,ਦਿੱਤੇ ਜਾਣ)

**ਪ੍ਰਸ਼ਨ ਨੰ:4** ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਭਾਗ-1 ਪਾਠ -ਪੁਸਤਕ ਦੇ ਇਤਿਹਾਸ ਭਾਗ ਵਿੱਚੋਂ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਉੱਤੇ ਆਧਾਰਿਤ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

1● ਅੰਕ

**ਪ੍ਰਸ਼ਨ ਨੰ:5** ਅੱਖੀਂ -ਡਿੱਠੀ ਦੁਨੀਆਂ ਪਾਠ -ਪੁਸਤਕ ਦੇ ਪਾਠਾਂ ਅਤੇ ਪਾਠ-ਅਭਿਆਸਾਂ ਵਿੱਚੋਂ ਛੋਟੇ ਉੱਤਰਾਂ ਵਾਲ਼ੇ ਤਿੰਨ ਪ੍ਰਸ਼ਨ ਪੁੱਛ ਕੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

5 + 5 = 10 ਅੰਕ

**ਪ੍ਰਸ਼ਨ ਨੰ:6** ਅੱਖੀਂ -ਡਿੱਠੀ ਦੁਨੀਆਂ ਪਾਠ -ਪੁਸਤਕ ਵਿੱਚ ਸ਼ਾਮਲ ਸਫ਼ਰਨਾਮਿਆਂ ਉੱਤੇ ਆਧਾਰਿਤ ਪਾਠਾਂ ਵਿੱਚੋਂ ਸਾਰ ਲਿਖਣ ਦੇ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

1● ਅੰਕ

**ਪ੍ਰਸ਼ਨ ਨੰ:7** ਸਾਹਿਤ-ਬੋਧ ਭਾਗ -1 ਪਾਠ-ਪੁਸਤਕ ਉੱਤੇ ਆਧਾਰਿਤ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਬਾਰੇ ਛੋਟੇ ਉੱਤਰਾਂ ਵਾਲ਼ੇ ਪੰਜ ਪ੍ਰਸ਼ਨ ਦੇ ਕੇ ਕੋਈ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

5 + 5 = 10 ਅੰਕ

**ਪ੍ਰਸ਼ਨ ਨੰ:8** ਸਾਹਿਤ-ਬੋਧ ਭਾਗ -1 ਪਾਠ-ਪੁਸਤਕ ਵਿੱਚ ਦਿੱਤੀ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਸ਼ਬਦਾਵਲੀ ਉੱਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ:

(ੳ) ਸੱਤ ਉਪ-ਭਾਸ਼ਾਈ ਸ਼ਬਦ ਦੇ ਕੇ ਉਹਨਾਂ ਵਿੱਚੋਂ ਪੰਜ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਪੁੱਛਣਾ। ਹਰ ਸ਼ਬਦ ਦੇ ਨਾਲ਼ ਬਰੈਕਟ ਵਿੱਚ ਉਸ ਉਪ-ਭਾਸ਼ਾ ਦਾ ਨਾਂ ਵੀ ਦਿੱਤਾ ਜਾਵੇਗਾ।

(ਅ) ਸੱਤ ਟਕਸਾਲੀ ਪੰਜਾਬੀ ਦੇ ਸ਼ਬਦ ਦੇ ਕੇ ਉਹਨਾਂ ਵਿੱਚੋਂ ਪੰਜ ਦਾ ਕਿਸੇ ਉਪ-ਭਾਸ਼ਾ ਵਿੱਚ ਮਿਲ਼ਦਾ ਰੂਪ ਲਿਖਣਾ।

5 + 5 = 10 ਅੰਕ

**ਸ਼੍ਰੇਣੀ- ਗਿਆਰ੍ਹਵੀਂ**
**ਪੰਜਾਬੀ(ਚੋਣਵਾਂ ਵਿਸ਼ਾ)**
**ਨਮੂਨੇ ਦਾ ਪ੍ਰਸ਼ਨ-ਪੱਤਰ**
**ਸਮੈਸਟਰ- I**

**ਸਮਾਂ: 3 ਘੰਟੇ** **ਕੁੱਲ ਅੰਕ: 70**

ਪ੍ਰਸ਼ਨ ਨੰ: 1 ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ। ਹਿਦਾਇਤਾਂ ਅਨੁਸਾਰ ਉੱਤਰ ਲਿਖੋ-

(ੳ) ਪੰਜਾਬੀ ਸੂਫ਼ੀ-ਕਾਵਿ ਦਾ ਮੋਢੀ ਕਵੀ ਕੌਣ ਹੈ?

(ਅ) 'ਮੁਸ਼ਕਲ ਘਾਟ ਫ਼ਕੀਰੀ ਦਾ' ਕਿਹੜੇ ਸੂਫ਼ੀ ਕਵੀ ਦੀ ਰਚਨਾ ਹੈ-
(i) ਵਜੀਦ ਦੀ (ii) ਸ਼ੇਖ਼ ਫ਼ਰੀਦ ਦੀ (iii) ਸ਼ਾਹ ਹੁਸੈਨ ਦੀ
(iv) ਬੁਲ੍ਹੇ ਸ਼ਾਹ ਦੀ

(ੲ) "ਪਵਣ ਗੁਰੂ ਪਾਣੀ ਪਿਤਾ" ਕਿਸ ਦੀ ਰਚਨਾ ਹੈ?

(ਸ) ਗੁਰੂ ਅੰਗਦ ਦੇਵ ਜੀ ਦੀ ਸਾਰੀ ਰਚਨਾ ਕਿਸ ਕਾਵਿ-ਰੂਪ ਵਿੱਚ ਹੈ-
(i) ਸਲੋਕਾਂ ਵਿੱਚ (ii) ਕਾਫ਼ੀਆਂ ਵਿੱਚ (iii) ਸ਼ਬਦਾਂ ਵਿੱਚ
(iv) ਦੋਹੜਿਆਂ ਵਿੱਚ

(ਹ) 'ਮਥਰਾ ਤੇ ਰੰਗੀਲੀ ਬ੍ਰਿਜ ਭੂਮੀ' ਸਫ਼ਰਨਾਮਾ ਅੰਸ਼ ਦਾ ਲੇਖਕ ਕੌਣ ਹੈ?

(ਕ) ਪ੍ਰਿੰ. 'ਸਰਮੁੱਖ ਸਿੰਘ ਅਮੋਲ' ਦਾ ਕਿਹੜਾ ਸਫ਼ਰਨਾਮਾ ਅੰਸ਼ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?

(ਖ) ਬਲਰਾਜ ਸਾਹਨੀ ਰਚਿਤ ਸਫ਼ਰਨਾਮਾ ਅੰਸ਼ 'ਰੱਜੀ ਪੁੱਜੀ ਮਿੱਟੀ' ਵਿੱਚ ਕਿਸ ਦੇਸ ਦੀ ਯਾਤਰਾ ਦਾ ਵਰਣਨ ਹੈ-
(i) ਪਾਕਿਸਤਾਨ (ii) ਇੰਗਲੈਂਡ (iii) ਰੂਸ (iv) ਅਮਰੀਕਾ

(ਗ) ਪੰਜਾਬੀ ਭਾਸ਼ਾ ਵਿੱਚ ਸੁਰਾਂ ਦੀ ਗਿਣਤੀ-
(i) ਤਿੰਨ ਹੈ (ii) ਦਸ ਹੈ (iii) ਪੰਜ ਹੈ (iv) ਬਾਰਾਂ ਹੈ।

(ਘ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ: "ਪੰਜਾਬੀ ਸੁਰਾਤਮਕ ਭਾਸ਼ਾ ਹੈ।"

(ਙ) "ਕੀ ਕਰਨ ਡਏ ਓ?" ਪੰਜਾਬੀ ਦੀ ਕਿਹੜੀ ਉਪਭਾਸ਼ਾ ਦਾ ਵਾਕ ਹੈ-
(i) ਮਾਝੀ (ii) ਮਲਵਈ (iii) ਮੁਲਤਾਨੀ (iv) ਹਿੰਦਕੋ

10× 1 = 10 ਅੰਕ

ਪ੍ਰਸ਼ਨ ਨੰ:2 ਪ੍ਰਸੰਗ ਸਹਿਤ ਵਿਆਖਿਆ ਕਰੋ-

ਫਰੀਦ ਥੀਉ ਪਵਾਹੀ ਦਭੁ।। ਜੇ ਸਾਂਈ ਲੋੜਹਿ ਸਭੁ।।
ਇਕ ਛਿਜਹਿ,ਬਿਆ ਲਤਾੜੀਅਹਿ।। ਤਾਂ ਸਾਈਂ ਦੇ ਦਰਿ ਵਾੜੀਅਹਿ।।

ਜਾਂ

ਘੜੀ ਘੜੀ ਘੜਿਆਲ ਕਿ ਵਾਜੇ ਕਹਿਤ ਹੈ।
ਬਹੁਤੀ ਗਈ ਵਿਹਾਇ,ਥੋੜੀ ਸੀ ਰਹਿਤ ਹੈ।।
ਸਾਂਈ ਬੇਗ ਸਮਾਲ ਕਿ ਜਮ ਕੀ ਰਾਰ ਹੈ।
ਵਜੀਦਾ ਜਮ ਕੇ ਹਾਥਿ ਗੁਲੇਲ,ਪਟਾਕਾ ਪਾਰ ਹੈ

2+3=5 ਅੰਕ

ਪ੍ਰਸ਼ਨ ਨੰ:3 ਪ੍ਰਸੰਗ ਸਹਿਤ ਵਿਆਖਿਆ ਕਰੋ-

ਫਕੜ ਜਾਤੀ ਫਕੜ ਨਾਉ॥
ਸਭਨਾ ਜੀਆ ਇਕਾ ਛਾਉ।
ਅਪਹੁ ਜੇ ਕੋ ਭਲਾ ਕਹਾਏ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥

ਜਾਂ

ਸਤੀਆ ਏਹਿ ਨ ਆਖੀਅਨਿ ਜੋ ਮੜੀਅ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥

2+3=5 ਅੰਕ

ਪ੍ਰਸ਼ਨ ਨੰ:4 'ਸ੍ਰੀ ਗੁਰੂ ਨਾਨਕ ਦੇਵ ਜੀ' ਜਾਂ 'ਸ਼ੇਖ਼ ਫ਼ਰੀਦ' ਦੇ ਜੀਵਨ ਅਤੇ ਰਚਨਾ ਸੰਬੰਧੀ ਸਾਹਿਤਿਕ ਨੋਟ ਲਿਖੋ।

10 ਅੰਕ

ਪ੍ਰਸ਼ਨ ਨੰ:5 ਕੋਈ ਦੋ ਪ੍ਰਸ਼ਨਾਂ ਦਾ ਉੱਤਰ ਲਿਖੋ

(ੳ) ਰੂਸ ਦੇ ਲੋਕੀ ਐਨੀ ਸਖ਼ਤ ਸਰਦੀ ਦਾ ਮੁਕਾਬਲਾ ਕਿਵੇਂ ਕਰਦੇ ਹਨ?(ਰੂਸ ਦੀ ਸਰਦੀ )

(ਅ) ਅਮਰੀਕਾ ਵਿੱਚ ਸਮੇਂ ਨੂੰ ਵਿਅਰਥ ਨਾ ਜਾਣ ਦੇਣ ਲਈ ਕੀ ਕੁਝ ਕੀਤਾ ਜਾਂਦਾ ਹੈ?(ਅਮਰੀਕਨ ਸੱਭਿਅਤਾ)

(ੲ) ਜੰਗਲ-ਨਿਵਾਸੀ ਵਿਆਹ ਕਿਵੇਂ ਕਰਦੇ ਹਨ?(ਜੰਗਲਾਂ ਦੇ ਵਸਨੀਕ)

5 + 5 = 10 ਅੰਕ

ਪ੍ਰਸ਼ਨ ਨੰ:6 ਹੇਠ ਲਿਖੇ ਸਫ਼ਰਨਾਮਾ ਅੰਸ਼ਾਂ ਵਿੱਚੋਂ ਕਿਸੇ ਇੱਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ-

(ੳ) ਲੰਦਨ ਅਤੇ ਲੰਦਨ ਦੇ ਲੋਕ(ਲਾਲ ਸਿੰਘ ਕਮਲਾ ਅਕਾਲੀ)

(ਅ) ਰੱਜੀ ਪੁੱਜੀ ਮਿੱਟੀ(ਬਲਰਾਜ ਸਾਹਨੀ)

10 ਅੰਕ

ਪ੍ਰਸ਼ਨ ਨੰ:7 ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ-

(ੳ) ਪੰਜਾਬੀ ਭਾਸ਼ਾ ਕਿੱਥੇ-ਕਿੱਥੇ ਬੋਲੀ ਜਾਂਦੀ ਹੈ?

(ਅ) ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਦੱਸੋ।

(ੲ) ਪੰਜਾਬੀ ਭਾਸ਼ਾ ਦੀ ਬਣਤਰ 'ਤੇ ਨੋਟ ਲਿਖੋ।

(ਸ) ਪੰਜਾਬੀ ਭਾਸ਼ਾ 'ਤੇ ਹੋਰਨਾਂ ਭਾਸ਼ਾਵਾਂ ਦਾ ਕੀ ਪ੍ਰਭਾਵ ਹੈ? ਸੰਖੇਪ ਵਿੱਚ ਦੱਸੋ।

(ਹ) ਪੰਜਾਬੀ ਭਾਸ਼ਾ ਬਾਰੇ ਸੰਖੇਪ ਜਾਣਕਾਰੀ ਦਿਉ।

5 + 5 = 10 ਅੰਕ

ਪ੍ਰਸ਼ਨ ਨੰ:9 (ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕੋਈ ਪੰਜ ਦਾ ਟਕਸਾਲੀ ਰੂਪ ਲਿਖੋ-

ਵੈਹਲਾ(ਪੋਠੋਹਾਰੀ), ਚੋਲ(ਪੋਠੋਹਾਰੀ), ਮਿੱਘੀ(ਪੋਠੋਹਾਰੀ), ਸਾੜ੍ਹਾ(ਪੋਠੋਹਾਰੀ), ਗਾੜੀ(ਮਾਝੀ), ਬਊਤਾ(ਮਾਝੀ), ਪਹੁ(ਮਾਝੀ), ਝਾਈ(ਮਾਝੀ)

(ਅ) ਕੋਈ ਪੰਜ ਦਾ ਉਪਭਾਸ਼ਾਈ ਰੂਪ ਲਿਖੋ:

ਸਵੇਰੇ (ਪੋਠੋਹਾਰੀ), ਬੱਚਾ (ਪੋਠੋਹਾਰੀ), ਤੇਰਾ (ਪੋਠੋਹਾਰੀ), ਤੈਨੂੰ (ਪੋਠੋਹਾਰੀ), ਬੋਲਣਾ(ਮਾਝੀ), ਪੈਸਾ (ਮਾਝੀ), ਰਿੱਧਾ (ਮਾਝੀ), ਕੋਲ਼ (ਮਾਝੀ)

5 + 5 = 10 ਅੰਕ

**ਸ਼੍ਰੇਣੀ- ਗਿਆਰ੍ਹਵੀ**
**ਪੰਜਾਬੀ (ਚੋਣਵਾਂ ਵਿਸ਼ਾ)**
**ਸਮੈਸਟਰ II**

**ਲਿਖਤੀ ਪੇਪਰ-1੦੦**
**ਆਂਤਰਿਕ ਮੁਲਾਂਕਣ-2੦**
**ਕੁਲ ਅੰਕ-12੦**

**(ਅਧਿਆਪਕਾਂ,ਵਿਦਿਆਰਥੀਆਂ,ਪਰੀਖਿਅਕਾਂ ਅਤੇ ਪੇਪਰ ਸੈੱਟਰਾਂ ਲਈ ਵਿਸ਼ੇਸ਼ ਹਿਦਾਇਤਾਂ)**

ਪ੍ਰਸ਼ਨ ਨੰ:1 ਇਹ ਪ੍ਰਸ਼ਨ ਵਸਤੂਨਿਸ਼ਠ ਹੋਵੇਗਾ ਅਤੇ ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ,ਬਹੁ-ਚੋਣੀ ਪ੍ਰਸ਼ਨ ਜਾਂ ਖ਼ਾਲੀ ਥਾਂਵਾਂ ਭਰਨ ਸੰਬੰਧੀ ਪ੍ਰਸ਼ਨ ਪੁੱਛੇ ਜਾਣਗੇ । ਹਰੇਕ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ। ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ-

<u>ਪੰਜਾਬੀ-ਕਾਵਿ ਝਲਕਾਂ ਤੇ ਇਤਿਹਾਸ</u> (ਭਾਗ I)

ਦੋ ਅੰਕਾਂ ਦੇ ਪ੍ਰਸ਼ਨ ਸੂਫ਼ੀ-ਕਾਵਿ ਵਿੱਚੋਂ ਅਤੇ ਦੋ ਅੰਕਾਂ ਦੇ ਪ੍ਰਸ਼ਨ ਗੁਰਮਤਿ-ਕਾਵਿ ਵਿੱਚੋਂ ਪੁੱਛੇ ਜਾਣਗੇ। ਇਹ ਪ੍ਰਸ਼ਨ ਕਵੀ ਦਾ ਨਾਂ ਪੁੱਛਣਾ, ਕਵਿਤਾ ਦਾ ਨਾਂ ਪੁੱਛਣਾ ਅਤੇ ਪੁਸਕਤ ਵਿੱਚ ਨਿਰਧਾਰਿਤ ਪਾਠ-ਸਮਗਰੀ ਉੱਤੇ ਅਧਾਰਿਤ ਹੋਣਗੇ। 4 ਅੰਕ

<u>ਅੱਖੀਂ-ਡਿੱਠੀ ਦੁਨੀਆਂ:</u>

ਇਸ ਅਧੀਨ ਸਫ਼ਰਨਾਮਾ ਅੰਸ਼ ਦਾ ਨਾਂ ਅਤੇ ਸਫ਼ਰਨਾਮਾਕਾਰ ਦਾ ਨਾਂ ਅਤੇ ਸੰਬੰਧਿਤ ਸਫ਼ਰਨਾਮਾ ਅੰਸ਼ਾਂ ਦੀ ਪਾਠ-ਸਮਗਰੀ ਨਾਲ਼ ਸੰਬੰਧਿਤ ਪ੍ਰਸ਼ਨ ਪੁੱਛੇ ਜਾਣਗੇ। 3 ਅੰਕ

<u>ਸਾਹਿਤ-ਬੋਧ:</u>

ਇਸ ਭਾਗ ਵਿੱਚ ਪੁੱਛੇ ਜਾਣ ਵਾਲ਼ੇ ਪ੍ਰਸ਼ਨ ਭਾਸ਼ਾ, ਲਿੱਪੀ ਦੇ ਮਹੱਤਵ ,ਵਿਕਾਸ ਅਤੇ ਭਾਸ਼ਾ ਦੀ ਬਣਤਰ ਨਾਲ਼ ਸੰਬੰਧਿਤ ਹੋਣਗੇ 3 ਅੰਕ

ਪ੍ਰਸ਼ਨ 2 ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) (ਭਾਗ-1) ਪਾਠ ਪੁਸਤਕ ਦੇ ਸੂਫ਼ੀ- ਕਾਵਿ ਭਾਗ ਵਿੱਚੋਂ ਦੋ ਬੰਦ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਾਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ ।

2 + 5 = 7 ਅੰਕ

ਪ੍ਰਸ਼ਨ 3 ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) (ਭਾਗ-1) ਪਾਠ-ਪੁਸਤਕ ਦੇ ਗੁਰਮਤਿ-ਕਾਵਿ ਭਾਗ ਵਿੱਚੋਂ ਦੋ ਬੰਦ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਾਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ । (ਪ੍ਰਸੰਗ ਵਿੱਚ ਕਵੀ ਦਾ ਨਾਂ ਅਤੇ ਪਾਠ-ਪੁਸਤਕ ਵਿੱਚ ਦਿੱਤਾ ਰਚਨਾ ਦਾ ਸਿਰਲੇਖ ਦਿੱਤੇ ਜਾਣ)

2 + 5 = 7 ਅੰਕ

ਪ੍ਰਸ਼ਨ 4 ਪੰਜਾਬੀ-ਕਾਵਿ (ਝਲਕਾ ਤੇ ਇਤਿਹਾਸ) (ਭਾਗ-1) ਪਾਠ ਪੁਸਤਕ ਦੇ ਸੂਫ਼ੀ- ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਵਿੱਚੋਂ ਕੋਈ ਦੋ ਰਚਨਾਵਾਂ ਦਾ ਪੂਰਾ ਪਾਠ ਦੇ ਕੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ ।

6 ਅੰਕ

ਪ੍ਰਸ਼ਨ 5 ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) (ਭਾਗ-1) ਪਾਠ ਪੁਸਤਕ ਦੇ 'ਪੰਜਾਬੀ ਕਵਿਤਾ ਦਾ ਸੰਖੇਪ ਇਤਹਾਸ' ਭਾਗ ਵਿੱਚੋਂ ਸੂਫ਼ੀ- ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਉੱਤੇ ਆਧਾਰਿਤ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ ।

2● ਅੰਕ

ਪ੍ਰਸ਼ਨ 6 ਅੱਖੀਂ-ਡਿੱਠੀ ਦੁਨੀਆਂ ਪਾਠ-ਪੁਸਤਕ ਦੇ ਪਾਠ-ਅਭਿਆਸਾਂ ਵਿੱਚੋਂ ਛੋਟੇ ਉੱਤਰਾਂ ਵਾਲ਼ੇ ਤਿੰਨ ਪ੍ਰਸ਼ਨ ਪੁੱਛ ਕੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ ।

5 + 5 = 1● ਅੰਕ

ਪ੍ਰਸ਼ਨ 7 ਅੱਖੀਂ-ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚ ਸ਼ਾਮਲ ਸਫ਼ਰਨਾਮਿਆਂ 'ਤੇ ਆਧਾਰਿਤ ਪਾਠਾਂ ਵਿੱਚੋਂ ਸਾਰ ਲਿਖਣ ਦੇ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ ।

15 ਅੰਕ

ਪ੍ਰਸ਼ਨ 8 ਸਾਹਿਤ-ਬੋਧ (ਭਾਗ -1) ਪਾਠ-ਪੁਸਤਕ 'ਤੇ ਆਧਾਰਿਤ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਬਾਰੇ ਛੋਟੇ ਉੱਤਰਾਂ ਵਾਲ਼ੇ ਪੰਜ ਪ੍ਰਸ਼ਨ ਦੇ ਕੇ ਕੋਈ ਤਿੰਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ ।

5+5+5=15 ਅੰਕ

ਪ੍ਰਸ਼ਨ 9 ਸਾਹਿਤ-ਬੋਧ (ਭਾਗ -1) ਪਾਠ-ਪੁਸਤਕ ਵਿੱਚ ਦਿੱਤੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ।

(ੳ) ਸੱਤ ਉਪਭਾਸ਼ਾਈ ਦੇ ਕੇ ਉਹਨਾਂ ਵਿੱਚੋਂ ਪੰਜ ਦੇ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਪੁੱਛਣਾ; ਹਰ ਸ਼ਬਦ ਦੇ ਨਾਲ਼ ਬ੍ਰੈਕਟ ਵਿੱਚ ਉਸ ਉਪਭਾਸ਼ਾ ਦਾ ਨਾਂ ਵੀ ਦਿੱਤਾ ਜਾਵੇਗਾ ।

(ਅ) ਸੱਤ ਟਕਸਾਲੀ ਪੰਜਾਬੀ ਦੇ ਸ਼ਬਦ ਦੇ ਕੇ ਉਹਨਾਂ ਵਿੱਚੋਂ ਪੰਜ ਦਾ ਕਿਸੇ ਉਪ-ਭਾਸ਼ਾ ਵਿੱਚ ਮਿਲ਼ਦਾ ਰੂਪ ਲਿਖਣਾ ।

5+5=1● ਅੰਕ

**ਸ਼੍ਰੇਣੀ- ਗਿਆਰ੍ਹਵੀਂ**
**ਪੰਜਾਬੀ (ਚੋਣਵਾਂ ਵਿਸ਼ਾ)**
**ਨਮੂਨੇ ਦਾ ਪ੍ਰਸ਼ਨ-ਪੱਤਰ**
**ਸਮੈਸਟਰ- II**

**ਸਮਾਂ-3 ਘੰਟੇ** **ਕੁਲ ਅੰਕ : 1●●**

ਪ੍ਰਸ਼ਨ ਨੰ :1 ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।

(ੳ) ਕਿਹੜੇ ਸੂਫ਼ੀ ਕਵੀ ਦੀ ਕਾਵਿ ਰਚਨਾ (ਸੀਹਰਫ਼ੀਆਂ) ਵਿੱਚ ਹਰ ਤੁਕਾਂਤ ਦਾ ਅੰਤ 'ਹੂ' ਨਾਲ਼ ਹੁੰਦਾ ਹੈ-
(i) ਸ਼ੇਖ਼ ਫ਼ਰੀਦ (ii) ਸੁਲਤਾਨ ਬਾਹੂ (iii) ਬੁਲ੍ਹੇ ਸ਼ਾਹ (iv) ਅਲੀ ਹੈਦਰ

(ਅ) 'ਮਾਟੀ ਕੁਦਮ ਕਰੇਂਦੀ ਯਾਰ' ਕਿਹੜੇ ਸੂਫ਼ੀ ਕਵੀ ਦੀ ਰਚਨਾ ਹੈ?

(ੲ) 'ਹਉ ਪੰਥੁ ਦਾਸਾਈ ਨਿੱਤ ਖੜੀ' ਕਿਸ ਕਵੀ ਦੀ ਰਚਨਾ ਹੈ?

(ਸ) ਗੁਰੂ ਅਰਜਨ ਦੇਵ ਜੀ ਦੀ ਪ੍ਰਤਿਨਿਧ ਰਚਨਾ ਹੈ-
(i) ਸੁਖਮਨੀ ਸਾਹਿਬ (ii) ਬਾਰਾਂ ਮਾਹ (iii) ਜਪੁਜੀ ਸਾਹਿਬ (iv) ਆਨੰਦ ਸਾਹਿਬ

(ਹ) 'ਪਹਿਲਗਾਮ ਤੋਂ ਟੂਲੀਅਨ ਝੀਲ ਤੱਕ' ਸਫ਼ਰਨਾਮਾ ਅੰਸ਼ ਦਾ ਲੇਖਕ ਕੌਣ ਹੈ?

(ਕ) ਡਾ. ਸਾਧੂ ਸਿੰਘ 'ਹਮਦਰਦ'ਦਾ ਲਿਖਿਆ ਕਿਹੜਾ ਸਫ਼ਰਨਾਮਾ ਅੰਸ਼ ਤੁਹਾਡੀ ਪਾਠ-ਪੁਸਤਕ (ਅੱਖੀਂ ਡਿੱਠੀ ਦੁਨਿਆਂ) ਵਿੱਚ ਦਰਜ ਹੈ।

(ਖ) ਹਰਭਜਨ ਸਿੰਘ ਹਲਵਾਰਵੀ ਨੇ ਆਪਣੇ ਸਫ਼ਰਨਾਮੇ ਵਿੱਚ ਕਿਸ ਦੇਸ ਦੀ ਯਾਤਰਾ ਦਾ ਵਰਣਨ ਕੀਤਾ ਹੈ-
(i) ਚੀਨ (ii) ਜਪਾਨ (iii) ਰੂਸ (iv) ਅਮਰੀਕਾ

(ਗ) ਭਾਰਤ ਦੀ ਸਭ ਤੋਂ ਪੁਰਾਣੀ ਲਿਪੀ ਦਾ ਨਾਮ-
(i) ਬ੍ਰਾਹਮੀ (ii) ਖਰੋਸ਼ਠੀ (iii) ਸ਼ਾਰਦਾ (iv) ਦੇਵ ਨਾਗਰੀ

(ਘ) ਗੁਰਮੁਖੀ ਲਿਪੀ ਵਿੱਚ ਸੂਰ ਵਾਹਕ ਚਿੰਨ੍ਹ ਦੀ ਗਿਣਤੀ -
(i) ਤਿੰਨ ਹੈ (ii) ਦਸ ਹੈ (iii) ਪੰਜ ਹੈ (iv) ਸੱਤ ਹੈ।

(ਙ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ-
ਗੁਰਮੁਖੀ ਲਿਪੀ ਗੁਰੂ ਸਾਹਿਬਾਨ ਨੇ ਬਣਾਈ ਹੈ।

10 X 1 = 10 ਅੰਕ

ਪਸ਼ਨ ਨੰ:2 ਪ੍ਰਸੰਗ ਸਹਿਤ ਵਿਆਖਿਆ ਕਰੋ-

ਕਾਫ-ਕਾਮਿਲ ਮੁਰਸ਼ਦ ਐਸਾ ਹੋਵੇ, ਜਿਹੜਾ ਧੋਬੀ ਵਾਂਗੂੰ ਛੱਟੇ ਹੂ।
ਨਾਲ ਨਿਗਾਹ ਦੇ ਪਾਕ ਕਰੇਂਦਾ, ਇਹ ਸੱਜੀ ਸਾਬਣ ਨਾ ਘੱਤੇ ਹੂ।
ਮੈਲਿਆਂ ਥੀਂ ਕਰ ਦੇਂਦਾ ਚਿੱਟੇ, ਵਿੱਚ ਜ਼ਰਾ ਮੈਲ ਨਾ ਰੱਖੇ ਹੂ।
ਐਸਾ ਮੁਰਸ਼ਦ ਹੋਵੇ ਬਾਹੂ, ਜਿਹੜਾ ਲੂੰ ਲੂੰ ਦੇ ਵਿੱਚ ਵੱਸੇ ਹੂ।

ਜਾਂ

ਇਕਸੇ ਤਾਰ ਬਹਾਰ ਨ ਰਹਿੰਦੀ ਨਹੀਂ ਇਕਸੇ ਤੋਰ ਜ਼ਮਾਨਾ।
ਹਰ ਇਕ ਚਾਲ ਨਹੀਂ ਅਲਬੇਲੀ, ਨਹੀਂ ਹਰਦਮ ਜ਼ੋਰ ਜਵਾਨਾ।
ਰੋਵਣ ਸੋਗ ਹਮੇਸ਼ ਨ ਹੋਵੇ, ਨਹੀਂ ਨਿਤ ਨਿਤ ਰਾਗ ਸ਼ਹਾਨਾ।
ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫ਼ਰਖਾਨਾ।

2+5=7 ਅੰਕ

ਪ੍ਰਸ਼ਨ ਨੰ:3 ਪ੍ਰਸੰਗ ਸਹਿਤ ਵਿਆਖਿਆ ਕਰੋ-

ਸਤਿਗੁਰ ਨੇ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ॥
ਬਿਨੁ ਭਾਗਾਂ ਦਰਸਨੁ ਨ ਥੀਐ ਭਾਗਹੀਣ ਬਹਿ ਰੋਇ॥
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ॥

ਜਾਂ

ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ॥
ਸੋਈ ਸੀਸੇ ਸੰਗਤੀ ਭੰਗਾਰ ਭਲੋਈ॥ 2+5=7 ਅੰਕ

ਪ੍ਰਸ਼ਨ ਨੰ:4 ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ-

ਅਲਿਫ਼-ਏਥੇ ਉੱਥੇ ਅਸਾਂ ਆਸ ਤੈਂਡੀ, ਤੇ ਆਸਰਾ ਤੈਂਡੜੇ ਜ਼ੋਰ ਦਾ ਈ।
ਮਹੀਂ ਸਭ ਹਵਾਲੜੇ ਤੈਂਡੜੇ ਨੇ, ਅਸਾਂ ਖ਼ੌਫ ਨਾ ਗੰਦੜੇ ਚੋਰ ਦਾ ਈ।

ਜਾਂ

ਦਸ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੇ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥ 6 ਅੰਕ

ਪ੍ਰਸ਼ਨ ਨੰ:5 ਬੁਲ੍ਹੇ ਸ਼ਾਹ ਜਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਰਚਨਾ ਸੰਬੰਧੀ ਇੱਕ ਸਾਹਿਤਿਕ ਨੋਟ ਲਿਖੋ। 2● ਅੰਕ

ਪ੍ਰਸ਼ਨ ਨੰ:6 ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ-

(ੳ) ਲੇਖਕ ਨੇ ਟੂਲੀਅਨ ਝੀਲ ਦੀ ਸੁੰਦਰਤਾ ਕਿਵੇਂ ਬਿਆਨੀ ਹੈ?
(ਪਹਿਲਗਾਮ ਤੋਂ ਟੂਲੀਅਨ ਝੀਲ ਤੱਕ)

(ਅ) ਲੇਖਕ ਨੇ ਰੂਸ ਵਿੱਚ ਯਾਤਰਾ ਲਈ ਸਾਈਬੇਰੀਆ ਨੂੰ ਹੀ ਕਿਉਂ ਚੁਣਿਆ?
(ਸਾਇਬੇਰੀਆ: ਇਰਕੁਤਸਕ)

(ਹ) ਇਹ ਲੀਰੇ ਤਾਂ ਲੀਰਾਂ ਤੋਂ ਵੀ ਗਏ ਗੁਜ਼ਰੇ ਹਨ। ਲੇਖਕ ਨੇ ਇਹ ਗੱਲ ਕਦੋਂ ਅਤੇ ਕਿਉਂ ਆਖੀ?

5+5=1● ਅੰਕ

ਪ੍ਰਸ਼ਨ ਨੰ:7 ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਸਫ਼ਰਨਾਮਾ ਅੰਸ਼ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ--

(ੳ) ਕਲਾਕਾਰਾਂ ਦੀ ਬਸਤੀ (ਬਲਵੰਤ ਗਾਰਗੀ)
(ਅ)ਇੰਗਲੈਂਡ ਅਤੇ ਭਾਰਤ (ਸੰਤੋਖ ਸਿੰਘ ਧੀਰ) 15 ਅੰਕ

ਪ੍ਰਸ਼ਨ ਨੰ:8 ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖੋ

(ੳ) ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਓ।
(ਅ) ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਿਖਣ ਲਈ ਕਿੱਥੋਂ ਤੱਕ ਢੁਕਵੀਂ ਹੈ। ਸੰਖੇਪ ਵਿੱਚ ਦਲੀਲਾਂ ਦਿਓ।
(ੲ) ਗੁਰਮੁਖੀ ਲਿਪੀ ਦਾ ਇਹ ਨਾਂ ਕਿਵੇਂ ਪਿਆ? ਸੰਖੇਪ ਵਿੱਚ ਦਲੀਲਾਂ ਦਿਓ।
(ਸ) ਗੁਰਮੁਖੀ ਦੀ ਸਾਰੀ ਵਰਨ-ਮਾਲ਼ਾ ਨੂੰ ਤਰਤੀਬ ਵਿੱਚ ਲਿਖ ਕੇ ਇਸ ਦਾ ਮਹੱਤਵ ਸੰਖੇਪ ਵਿੱਚ ਵਰਣਨ ਕਰੋ।
(ਹ) ਕੀ ਗੁਰਮੁਖੀ ਲਿਪੀ ਨੂੰ ਗੁਰੂ ਸਹਿਬਾਨ ਨੇ ਬਣਾਇਆ ਹੈ। ਚਰਚਾ ਕਰੋ।

5+5+5=15 ਅੰਕ

ਪ੍ਰਸ਼ਨ ਨੰ:9 (ੳ) ਹੇਠ ਲਿਖੇ ਸ਼ਬਦਾਂ ਵਿੱਚੋ ਕਿਸੇ ਪੰਜ ਦਾ ਟਕਸਾਲੀ ਰੂਪ ਲਿਖੋ:

ਘੇ(ਦੁਆਬੀ),ਜੰਮਣ(ਦੁਆਬੀ),ਲੋਹਾਂਡਾ(ਦੁਆਬੀ),ਗੈਲ-ਗੈਲ(ਪੁਆਧੀ),ਤੀਮੀਂ (ਪੁਆਧੀ),ਇਬਕੇ(ਪੁਆਧੀ),

ਸਦੇਹਾਂ (ਮਲਵਈ), ਬੱਬਰ(ਮਲਵਈ)

(ਅ) ਕੋਈ ਪੰਜ ਸ਼ਬਦਾਂ ਦਾ ਉਪਭਾਸ਼ਾਈ ਰੂਪ ਲਿਖੋ:

ਇੱਲਤਾਂ(ਮਲਵਈ), ਚਲਾਕੀ(ਮਲਵਈ), ਸੁਸਤੀ(ਮਲਵਈ), ਗਿੱਝਣਾ(ਦੁਆਬੀ), ਖਾਵਾਂਗਾ(ਦੁਆਬੀ), ਏਥੇ(ਪੁਆਧੀ), ਕਿਉਂ(ਪੁਆਧੀ), ਕਦੋਂ(ਪੁਆਧੀ)

5+5=10 ਅੰਕ